## ੧੫ ਸਿਖ ਉਹ ਜੋ ਗੁਰੂ ਦੇ ਹੁਕਮ ਵਿਚ ਚਲੇ :

### ਸੋਰਠਿ ਮਹਲਾ ੩ ॥

### ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥

### ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

### ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥

ਗੁਰੂ ਅਮਰਦਾਸ ਪਾਤਸ਼ਾਹ ਜੀ ਸੋਰਠਿ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਉਹ ਸਿਖ, ਮਿਤਰ, ਰਿਸ਼ਤੇਦਾਰ ਹੀ ਗੁਰੂ ਵਾਲਾ ਬਣ ਸਕਦਾ ਹੈ ਜੋ ਗੁਰੂ ਦੀ ਇਛਾ ਅਨੁਸਾਰ ਜੀਵਨ ਜਿਉਂਦਾ ਹੈ।

ਇਨ੍ਹਾਂ ਵਿਚੋਂ ਜੋ ਆਪਣੀ ਮਰਜ਼ੀ ਅਨੁਸਾਰ ਆਪਣੇ ਜੀਵਨ ਦੇ ਫ਼ੈਸਲੇ ਕਰਦਾ ਤੇ ਜਿਉਂਦਾ ਹੈ, ਉਹ ਵਿਛੜ ਜਾਂਦਾ ਹੈ ਤੇ ਭਟਕ ਕੇ ਠੇਡੇ ਖਾਂਦਾ ਤੇ ਜਮਰਾਜ ਦੇ ਵਸ ਪੈਂਦਾ ਹੈ।

ਗੁਰੂ ਦੇ ਭਾਣੇ ਅਨੁਸਾਰ ਜੀਵਨ ਨਾ ਜੀਅ ਕੇ ਉਸ ਨੂੰ ਕਦੇ ਸੁਖ ਪ੍ਰਾਪਤ ਨਹੀਂ ਹੋ ਸਕਦਾ ਤੇ ਉਸ ਨੂੰ ਬਾਰ ਬਾਰ ਪਛਤਾਉਣਾ ਪੈਂਦਾ ਹੈ।੧।

ਹਰਿ ਕੇ ਦਾਸ ਸੁਹੇਲੇ ਭਾਈ ॥

ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥

ਹੇ ਭਾਈ ! ਹਰਿ ਦੇ ਦਾਸ, ਭਾਵ ਸੰਤ ਸਦਾ ਸੁਖਦਾਈ ਹੁੰਦੇ ਹਨ। ਅਸਲ ਵਿਚ ਉਸ ਨੇ ਜਨਮਾਂ ਜਨਮਾਂ ਦੇ ਨਾਂ ਨਾਸ ਹੋ ਸਕਣ ਵਾਲੇ ਪਾਪ, ਦੁਖ ਆਦਿ ਕਟਣੇ ਹੁੰਦੇ ਹਨ।੧।ਰਹਾਉ।

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥

ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥

ਇਹ ਖ਼ਾਨਦਾਨ ਸਭ ਜੀਆਂ ਲਈ ਅਸਲ ਵਿਚ ਬੰਧਨਾਂ ਦੇ ਕਾਰਣ ਬਣਦੇ ਹਨ, ਤੇ ਜੀਵ ਇਨ੍ਹਾਂ ਵਿਚ ਗਲਤਾਨ ਹੋ ਕੇ ਸਾਰਾ ਸੰਸਾਰ ਵਾਂਗ ਭੁਲਿਆ ਰਹਿੰਦਾ ਹੈ ਤੇ ਗੁਰੂ ਦੇ ਆਖੇ ਅਨੁਸਾਰ ਨਹੀਂ ਚਲਦਾ।

ਗੁਰੂ ਦੇ ਭਾਣੇ ਜਾਂ ਆਖੇ ਅਨੁਸਾਰ ਇਹ ਸਾਰੇ ਪਿਛਲੇ ਤੇ ਹੁਣ ਦੇ

ਕਰਮਾਂ ਦੇ ਬੰਧਨ ਨਹੀਂ ਖੁਲਦੇ ਤੇ ਗੁਰੂ ਦੀ ਸ਼ਰਣ ਵਿਚ ਜਾਏ ਬਗ਼ੈਰ
ਮੋਖ ਦਾ ਦੁਆਰ ਨਹੀਂ ਖੁਲਦਾ।

ਮਨੁਖ ਜਿੰਨੇ ਮਰਜ਼ੀ ਚੰਗੇ ਮਾੜੇ ਕਰਮ ਕਰੀ ਚਲੇ, ਜਦੋ ਤਕ ਉਹ ਪੂਰੀ ਤਰ੍ਹਾਂ ਗੁਰੂ ਦੇ ਆਖੇ ਵਿਚ ਨਹੀਂ ਆਉਂਦਾ ਤੇ ਹੁਕਮ ਨੂੰ ਪਛਾਣਦਾ ਨਹੀਂ, ਤਦ ਤਕ ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਨਹੀਂ ਹੋ ਸਕਦਾ।੨।

Last modified: 12:02 am